(i) Printed Pages : 3 Roll No. ..............................

(ii) Questions : 7 **Sub. Code :** | 1 | 7 | 4 | 0 | 7 |

**Exam. Code :** | 0 | 0 | 0 | 5 |

**B.A./B.Sc. (General) 5th Semester**

**(2125)**

**PUNJABI**

**Paper : (Elective)**

**Time Allowed : Three Hours]** **[Maximum Marks : 90**

1. ਹੇਠ ਲਿਖੇ ਕਾਵਿ ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(ੳ) ਸ਼ਹਿਰ ਭੰਬੋਰ ਮਕਾਨ ਇਲਾਹੀ ਬਾਗ ਬਹਿਸ਼ਤ ਬਣਾਇਆ। ਫਰਸ਼ ਫਰੂਸ ਚਮਨ ਗੁਲ ਬੂਟਾ, ਹਰ ਇੱਕ ਜਾਤ ਲਗਾਇਆ। ਨਦੀਆਂ ਹੌਜ਼ ਤਲਾਉ ਚੁਫ਼ੇਰੇ, ਰਲ ਮਿਲ ਖੂਬ ਸੁਹਾਇਆ। ਹਾਸ਼ਮ ਰੂਹ ਰਹੇ ਵਿੱਚ ਫਸਿਆ, ਦਾਮ ਫਰੇਬ ਵਿਛਾਇਆ।

(ਅ) ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆ ਲਹੂ ਨਿਚੋੜ ਸੁੱਟੇ।
ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀਂ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉੱਡਣ, ਹਾਥੀ ਢਾਹੁਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

10

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ :

(ੳ) ਤਖ਼ਤ ਹਜ਼ਾਰੇ ਦੇ ਵਿਚ ਵੱਸੇ (ਵਾਰਿਸ ਸ਼ਾਹ)

(ਅ) ਤ੍ਰਿੰਵਣ ਵਿੱਚ ਬੈਠੀ ਸੋਹਣੀ (ਫ਼ਜ਼ਲ ਸ਼ਾਹ)। 10

3. (i) ਕਿਸੇ **ਇੱਕ** ਵਾਰਤਾਲਾਪੀ-ਅੰਸ਼ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਮੈਂ ਤਾਂ ਨਹੀਂ ਦੁਖਾਉਣਾ ਚਾਹੁੰਦਾ ਮਾਂ ਦਾ ਦਿੱਲ। ਮੈਂ ਤਾਂ ਕਹਿੰਦਾ ਮਾ ਤੂੰ ਜੋ ਮਰਜ਼ੀ ਕਰ ਪਰ ਮੈਨੂੰ ਪਿੱਛੇ ਘਸੀਟ।

(ਅ) ਇਨ੍ਹਾਂ ਕਿੱਥੇ ਰੱਜਣਾ? ਇਹ ਤਾਂ ਚਾਹੁੰਦੇ ਨੇ ਕਿ ਸਦਾ ਹੀ ਗ੍ਰਹਿਣੇ ਰਹਿਣ ਦੇਵਤੇ ਤੇ ਲੋਕ ਦਿੰਦੇ ਰਹਿਣ ਦਾਨ ਇਨ੍ਹਾਂ ਨੂੰ, ਤਾਂ ਜੋ ਬਿਨ੍ਹਾਂ ਹੱਥ ਪੈਰ ਹਿਲਾਇਆ ਚਲਦਾ ਰਹੇ ਹਲਵਾ ਮੰਡਾ ਇਨ੍ਹਾਂ ਦਾ। 10

(ii) ਜਿਨੁ ਸਚੁ ਪਲੈ ਹੋਇ ਨਾਟਕ ਦੇ ਕਥਾਨਕ ਸੰਬੰਧੀ ਚਰਚਾ ਕਰੋ।

**ਜਾਂ**

ਨਾਟਕ ਵਿਚਲੇ ਪਾਤਰ ਅਮਰ ਦਾ ਪਾਤਰ ਚਿਤਰਣ ਆਪਣੇ ਸ਼ਬਦਾਂ ਵਿੱਚ ਕਰੋ। 10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਪ੍ਰਸ਼ਨ ਹੱਲ ਕਰੋ :

(i) ਭਾਬੀਆਂ ਰਾਂਝੇ ਨੂੰ ਕੀ ਤਾਅਨੇ-ਮਿਹਣੇ ਦਿੰਦੀਆਂ ਹਨ ?

(ii) ਫ਼ਜ਼ਲ ਸ਼ਾਹ ਸੋਹਣੀ ਦੇ ਨੈਣਾਂ ਦੀ ਕਿਸ ਤਰ੍ਹਾਂ ਪ੍ਰਸੰਸਾ ਕਰਦਾ ਹੈ ?

(iii) ਸੱਸੀ ਨੇ ਪੁੰਨੂ ਨੂੰ ਆਪਣੇ ਬਾਰੇ ਕੀ ਦੱਸਿਆ ?

(iv) ਹਾਸ਼ਮ ਸ਼ਾਹ ਅਨੁਸਾਰ ਕਿਹੜੀ ਬੰਦਗੀ ਧੁਰੋਂ ਆਈ ਹੈ ?

(v) ਜਿਨ ਸਚੁ ਪਲੈ ਹੋਇ ਨਾਟਕ ਦਾ ਵਿਸ਼ਾ ਕੀ ਹੈ ?

(vi) ਧੰਨ ਦੇਈ ਤੇ ਭਗਵਾਨ ਜੀ ਕੀ ਫੈਸਲਾ ਕਰਦੇ ਹਨ ?

(vii) ਜੋਗੀ ਹਰੋ ਨੂੰ ਕੀ ਕਹਿੰਦਾ ਹੈ ?

(viii) ਨਾਟਕ ਦੇ ਅੰਤ ਵਿੱਚ ਕੀ ਵਾਪਰਦਾ ਹੈ ?

(ix) ਅਮਰ ਮਾਂ ਨਾਲ਼ ਲੜ ਕੇ ਘਰੋਂ ਕਿਉਂ ਗਿਆ ਸੀ ?

(x) ਨਾਟਕ ਦੇ ਅੰਤ ਵਿਚ ਉਜਾਗਰ ਹੋਣ ਵਾਲੀ ਜੋਤ ਦਾ ਦ੍ਰਿਸ਼ ਕਿਹੋ ਜਿਹਾ ਹੈ ?

$2\times5=10$

5. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਪੂਰਵ ਨਾਨਕ ਕਾਲ ਜਾਂ ਆਦਿ ਕਾਲ ਵਿੱਚ ਉਪਜੇ ਵੀਰ ਕਾਵਿ ਉੱਤੇ ਨੋਟ ਲਿਖੋ।

(ii) 19ਵੀਂ ਸਦੀ ਵਿਚ ਰਚੀਆਂ ਗਈਆਂ ਵਾਰਾਂ ਦੇ ਨਾਂ ਲਿਖੋ।

(iii) ਜੰਗਨਾਮਾ ਸਿੰਘਾਂ ਤੇ ਫਰੰਗੀਆਂ ਦਾ ਵਿਸ਼ਾ ਕੀ ਹੈ ?

(iv) ਕਾਦਰ ਯਾਰ ਨੇ ਪੰਜਾਬੀ ਵਿਚ ਕਿਹੜੇ-ਕਿਹੜੇ ਕਿੱਸੇ ਲਿਖੇ ?

(v) ਹੀਰ ਵਾਰਿਸ ਸ਼ਾਹ ਦੀਆਂ ਵਿਸ਼ੇਸ਼ਤਾਈਆਂ ਲਿਖੋ।

(vi) 19ਵੀਂ ਸਦੀ ਵਿਚ ਸੱਸੀ-ਪੁੰਨੂੰ ਦਾ ਕਿੱਸਾ ਲਿਖਣ ਵਾਲੇ ਚਾਰ ਕਵੀਆਂ ਦੇ ਨਾਂ ਲਿਖੋ।

$5\times4=20$

6. ਕਿਸੇ **ਇਕ** ਭਾਰਤੀ ਕਾਵਿ-ਸ਼ਾਸਤਰ 'ਤੇ ਨੋਟ ਲਿਖੋ :

(ੳ) ਰੀਤੀ ਸੰਪਰਦਾਇ

(ਅ) ਔਚਿਤਯ ਸੰਪਰਦਾਇ। 10

7. ਕਿਸੇ **ਇਕ** ਸਾਹਿਤ-ਰੂਪ 'ਤੇ ਨੋਟ ਲਿਖੋ :

(ੳ) ਜਨਮ ਸਾਖੀ

(ਅ) ਕਿੱਸਾ। 10